WORK SAFE BC | ਜਾਣਕਾਰੀ ਬੁਲੇਟਿਨ

# ਵਰਕਸੇਫ ਬੀ ਸੀ ਨੇ ਟਾਵਰ ਕਰੇਨਾਂ ਬਾਰੇ ਸੇਫਟੀ ਬੁਲੇਟਿਨ ਜਾਰੀ ਕੀਤਾ ਹੈ

**ਰਿਚਮੰਡ, ਬੀ.ਸੀ. (4 ਅਕਤੂਬਰ, 2021)** – ਵਰਕਸੇਫ ਬੀ ਸੀ ਨੇ ਅੱਜ ਬੁਲੇਟਿਨ, *ਟੌਪ ਕਲਾਈਮਿੰਗ ਏ ਟਾਵਰ ਕਰੇਨ: ਇਨਸ਼ੋਰਿੰਗ ਸੇਫ ਐਸੰਬਲੀ ਐਂਡ ਡਿਸਮੈਂਟਲਿੰਗ* ਜਾਰੀ ਕੀਤਾ ਹੈ। ਇਹ ਬੁਲੇਟਿਨ ਟਾਵਰ ਕਰੇਨ ਦੇ ਸਿਰੇ ਉੱਪਰ ਚੜ੍ਹਨ ਦੇ ਸੰਭਾਵੀ ਖਤਰਿਆਂ ਨੂੰ ਸੰਖੇਪ ਵਿਚ ਦੱਸਦਾ ਹੈ ਅਤੇ ਇਹ ਵਿਚਾਰ ਕਰਦਾ ਹੈ ਕਿ ਖਤਰੇ ਨੂੰ ਕਿਵੇਂ ਘਟਾਉਣਾ ਹੈ।

ਇਹ ਬੁਲੇਟਿਨ ਇਹ ਦੱਸਦਾ ਹੈ ਕਿ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰਨ ਵਿਚ ਫੇਲ੍ਹ ਹੋਣ ਦਾ ਨਤੀਜਾ ਢਾਂਚੇ ਦੇ ਫੇਲ੍ਹ ਹੋਣ ਵਿਚ ਨਿਕਲ ਸਕਦਾ ਹੈ ਜਿਹੜਾ ਜ਼ਿੰਦਗੀਆਂ ਅਤੇ ਪ੍ਰਾਪਰਟੀ ਨੂੰ ਖਤਰੇ ਵਿਚ ਪਾਉਂਦਾ ਹੈ।

ਇਹ ਸਿਰੇ `ਤੇ ਚੜ੍ਹਨ ਨੂੰ ਸੰਖੇਪ ਵਿਚ ਦੱਸਦਾ ਹੈ, ਖਤਰਿਆਂ, ਕੰਮ-ਮਾਲਕ ਦੀਆਂ ਜ਼ਿੰਮੇਵਾਰੀਆਂ, ਕੰਮ ਦੇ ਸੁਰੱਖਿਅਤ ਅਮਲਾਂ, ਅਤੇ ਕਾਨੂੰਨੀ ਅਤੇ ਨਿਯਮੀ ਸ਼ਰਤਾਂ ਬਾਰੇ ਵਿਚਾਰ ਕਰਦਾ ਹੈ।

## ਕਲੋਨਾ ਵਿਚ ਟਾਵਰ ਕਰੇਨ ਦਾ ਡਿਗਣਾ

ਟਾਵਰ ਕਰੇਨ ਦੀ ਸੇਫਟੀ ਦੀ ਮਹੱਤਤਾ ਜੁਲਾਈ 2021 ਵਿਚ ਸਾਮ੍ਹਣੇ ਆਈ ਸੀ ਜਦੋਂ ਕਲੋਨਾ ਵਿਚ ਕਨਸਟਰੱਕਸ਼ਨ ਦੀ ਇਕ ਥਾਂ `ਤੇ ਟਾਵਰ ਕਰੇਨ ਉਧੇੜਨ ਵੇਲੇ ਡਿਗ ਪਈ ਸੀ। ਨਤੀਜੇ ਵਜੋਂ, ਪੰਜ ਲੋਕ ਮਾਰੇ ਗਏ ਸਨ, ਜਿਨ੍ਹਾਂ ਵਿੱਚੋਂ ਚਾਰ ਵਰਕਰ ਕਨਸਟਰੱਕਸ਼ਨ ਵਿਚ ਸ਼ਾਮਲ ਸਨ ਅਤੇ ਇਕ ਵਿਅਕਤੀ ਕਨਸਟਰੱਕਸ਼ਨ ਦੀ ਥਾਂ ਨਾਲ ਸੰਬੰਧਿਤ ਨਹੀਂ ਸੀ। ਇਕ ਹੋਰ ਵਰਕਰ ਜ਼ਖਮੀ ਹੋ ਗਿਆ ਸੀ।

ਵਰਕਸੇਫ ਬੀ ਸੀ ਦੀ ਓ ਐੱਚ ਐੱਸ ਇਨਵੈਸਟੀਗੇਸ਼ਨਜ਼ ਟੀਮ ਇਸ ਵੇਲੇ ਟਾਵਰ ਕਰੇਨ ਦੇ ਡਿਗਣ ਦੀ ਪੜਤਾਲ ਕਰ ਰਹੀ ਹੈ। ਪੜਤਾਲ ਦੌਰਾਨ, ਵਰਕਸੇਫ ਬੀ ਸੀ, ਕਰੇਨ ਦੇ ਹਿੱਸਿਆਂ ਅਤੇ ਘਟਨਾਵਾਂ ਦੀ ਕੜੀ ਦੀ ਜਾਂਚ ਕਰਨ ਲਈ ਅਤੇ ਕਰੇਨ ਨੂੰ ਉਧੇੜਨ ਦੌਰਾਨ ਵਰਤੇ ਗਏ ਤਰੀਕਿਆਂ ਦੀ ਪਛਾਣ ਕਰਨ ਲਈ ਵਿਸ਼ੇ ਦੇ ਮਾਹਰਾਂ ਅਤੇ ਇੰਜਨੀਅਰਾਂ ਨਾਲ ਰਲ ਕੇ ਕੰਮ ਕਰ ਰਹੀ ਹੈ।

ਵਰਕਸੇਫ ਬੀ ਸੀ ਦੀ ਪੜਤਾਲ ਦਾ ਮਕਸਦ ਘਟਨਾ ਦੇ ਕਾਰਨ ਦਾ ਪਤਾ ਲਾਉਣਾ ਹੈ, ਸਮੇਤ ਇਸ ਵਿਚ ਹਿੱਸਾ ਪਾਉਣ ਵਾਲੇ ਕਿਸੇ ਵੀ ਪੱਖ ਦੇ ਤਾਂ ਜੋ ਭਵਿੱਖ ਵਿਚ ਇਹੋ ਜਿਹੀਆਂ ਘਟਨਾਵਾਂ ਵਾਪਰਨ ਤੋਂ ਰੋਕਥਾਮ ਕੀਤੀ ਜਾ ਸਕੇ।

ਘਟਨਾ ਦੀ ਪੜਤਾਲ ਦੀ ਰਿਪੋਰਟ, ਪੜਤਾਲ ਦੇ ਮੁਕੰਮਲ ਹੋ ਜਾਣ ਤੋਂ ਬਾਅਦ ਤਿਆਰ ਕੀਤੀ ਜਾਵੇਗੀ।

## ਕਰੇਨ ਅਤੇ ਚੱਲਦੇ-ਫਿਰਦੇ ਸਾਜ਼-ਸਾਮਾਨ ਬਾਰੇ ਉੱਦਮ

ਟਾਵਰ ਕਰੇਨਾਂ ਦੇ ਖਤਰਨਾਕ ਹੋਣ ਦੀ ਸੰਭਾਵਨਾ ਦਾ ਚੰਗੀ ਤਰ੍ਹਾਂ ਪਤਾ ਹੈ। ਸਾਲ 2021-2023 ਲਈ ਵਰਕਸੇਫ ਬੀ ਸੀ ਦੀਆਂ ਜ਼ਿਆਦਾ ਖਤਰੇ ਵਾਲੀਆਂ ਜੁਗਤਾਂ ਦੇ ਹਿੱਸੇ ਵਜੋਂ, ਕਰੇਨ ਅਤੇ ਚੱਲਦੇ-ਫਿਰਦੇ ਸਾਜ਼-ਸਾਮਾਨ ਬਾਰੇ ਉੱਦਮ ਦਾ ਮਕਸਦ ਕੰਮ ਦੇ ਅਸੁਰੱਖਿਅਤ ਤਰੀਕਿਆਂ ਅਤੇ ਸਾਜ਼-ਸਾਮਾਨ ਦੇ ਖਤਰਿਆਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਨੂੰ ਖਤਮ ਕਰਨਾ ਹੈ ਜਿਹੜੇ ਮੌਤ, ਗੰਭੀਰ ਸੱਟਾਂ ਜਾਂ ਤਬਾਹਕਾਰੀ ਘਟਨਾਵਾਂ ਦਾ ਕਾਰਨ ਬਣ ਸਕਦੇ ਹਨ।

ਵਰਕਸੇਫ ਬੀ ਸੀ ਇੰਡਸਟਰੀ ਵਿਚ ਹਿੱਤ ਰੱਖਣ ਵਾਲੀਆਂ ਕਈ ਧਿਰਾਂ ਨਾਲ ਕੰਮ ਕਰਨਾ ਜਾਰੀ ਰੱਖ ਰਹੀ ਹੈ ਤਾਂ ਜੋ ਆਕੂਪੇਸ਼ਨਲ ਹੈਲਥ ਐਂਡ ਸੇਫਟੀ ਰੈਗੂਲੇਸ਼ਨ ਦੀ ਪਾਲਣਾ ਨਾਲ ਸੰਬੰਧਿਤ ਟਾਵਰ ਕਰੇਨ ਨੂੰ ਖੜ੍ਹੀ ਕਰਨ ਅਤੇ ਚਲਾਉਣ, ਅਤੇ ਇਸ ਦੀ ਇੰਸਪੈਕਸ਼ਨ ਅਤੇ ਸੰਭਾਲ ਦੇ ਖਤਰਿਆਂ ਦੀ ਇਕਸਾਰ ਸਮਝ ਯਕੀਨੀ ਬਣੇ।

**ਵਸੀਲੇ:**

- ਵਰਕਸੇਫ ਬੀ ਸੀ ਬੁਲੇਟਿਨ: ਟੌਪ ਕਲਾਈਮਿੰਗ ਏ ਟਾਵਰ ਕਰੇਨ: ਇਨਸ਼ੋਰਿੰਗ ਸੇਫ ਐਸੰਬਲੀ ਐਂਡ ਡਿਸਮੈਂਟਲਿੰਗ।
- ਕਰੇਨ ਐਂਡ ਮੋਬਾਇਲ ਇਕੁਇਪਮੈਂਟ: ਟਾਵਰ ਕਰੇਨਜ਼।
- ਹਾਈ ਰਿਸਕ ਸਟਰੈਟੀਜ਼ ਐਂਡ ਇੰਡਸਟਰੀ ਇਨੀਸ਼ੀਏਟਿਵਜ਼: ਕਰੇਨ ਐਂਡ ਮੋਬਾਇਲ ਇਕੁਇਪਮੈਂਟ ਇਨੀਸ਼ੀਏਟਿਵਜ਼।
- ਮੀਡੀਆ ਬੈਕਗਰਾਊਂਡਰ: ਟਾਵਰ ਕਰੇਨੀ ਸੇਫਟੀ।

-30-

## ਵਰਕਸੇਫ ਬੀ ਸੀ ਬਾਰੇ

*ਵਰਕਸੇਫ ਬੀ ਸੀ, ਬੀ.ਸੀ. ਵਿਚ ਸੱਟਾਂ, ਬੀਮਾਰੀਆਂ ਅਤੇ ਡਿਸਏਬਿਲਟੀ ਤੋਂ ਰੋਕਥਾਮ ਕਰਨ ਲਈ ਵਰਕਰਾਂ ਅਤੇ ਕੰਮ-ਮਾਲਕਾਂ ਨਾਲ ਕੰਮ ਕਰਦੀ ਹੈ। ਕੰਮ ਨਾਲ ਸੰਬੰਧਿਤ ਸੱਟਾਂ ਲੱਗਣ ਜਾਂ ਬੀਮਾਰੀਆਂ ਹੋਣ 'ਤੇ, ਵਰਕਸੇਫ ਬੀ ਸੀ ਲੋਕਾਂ ਦੀ ਸਿਹਤਯਾਬੀ, ਰਾਜ਼ੀ ਹੋਣ, ਅਤੇ ਕੰਮ 'ਤੇ ਸੁਰੱਖਿਅਤ ਵਾਪਸੀ ਵਿਚ ਮਦਦ ਕਰਨ ਲਈ ਮੁਆਵਜ਼ਾ ਅਤੇ ਮਦਦ ਦਿੰਦੀ ਹੈ। ਬੀ.ਸੀ. ਭਰ ਵਿਚ ਅਸੀਂ ਤਕਰੀਬਨ 2.3 ਮਿਲੀਅਨ ਵਰਕਰਾਂ ਅਤੇ 255,000 ਕੰਮ-ਮਾਲਕਾਂ ਨੂੰ ਸੇਵਾਵਾਂ ਦਿੰਦੇ ਹਾਂ।*

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਮੀਡੀਆ ਰੀਲੇਸ਼ਨਜ਼, ਵਰਕਸੇਫ ਬੀ ਸੀ

ਈਮੇਲ: media@worksafebc.com

ਟੈਲੀਫੋਨ: 604-276-5157